# Prime Minister Shri Narendra Modi calls His Excellency Pravind Kumar Jugnauth, Prime Minister of Mauritius, to convey condolences for Sir Anerood Jugnauth

June 04, 2021

## ਪ੍ਰਧਾਨ ਮੰਤਰੀ ਨੇ ਸਰ ਅਨਿਰੁੱਧ ਜਗਨਨਾਥ ਲਈ ਸੰਵੇਦਨਾਵਾਂ ਪ੍ਰਗਟਾਉਣ ਵਾਸਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਮਹਾਮਹਿਮ ਪ੍ਰਵਿੰਦ ਕੁਮਾਰ ਜਗਨਨਾਥ ਨੂੰ ਫ਼ੋਨ ਕੀਤਾ

4 ਜੂਨ, 2021

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਅੱਜ ਫ਼ੋਨ ਕਰਕੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਮਹਾਮਹਿਮ ਪ੍ਰਵਿੰਦ ਕੁਮਾਰ ਜਗਨਨਾਥ ਨਾਲ ਉਨ੍ਹਾਂ ਦੇ ਪਿਤਾ ਸਰ ਅਨਿਰੁੱਧ ਜਗਨਨਾਥ ਦੇ ਅਕਾਲ ਚਲਾਣੇ ਲਈ ਆਪਣੀਆਂ ਸੰਵੇਦਨਾਵਾਂ ਪ੍ਰਗਟ ਕੀਤੀਆਂ।

ਪ੍ਰਧਾਨ ਮੰਤਰੀ ਨੇ ਮਾਰੀਸ਼ਸ 'ਚ ਸਰ ਅਨਿਰੁੱਧ ਦੇ ਲੰਬੇ ਜਨਤਕ ਜੀਵਨ ਨੂੰ ਚੇਤੇ ਕੀਤਾ; ਜਿਸ ਦੌਰਾਨ ਉਨ੍ਹਾਂ ਬਹੁਤ ਸਾਲਾਂ ਤੱਕ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਵਜੋਂ ਸੇਵਾਵਾਂ ਦਿੱਤੀਆਂ।

ਭਾਰਤ ਦੀਆਂ ਸਾਰੀਆਂ ਸਿਆਸੀ ਪਾਰਟੀਆਂ 'ਚ ਸਰ ਅਨਿਰੁੱਧ ਜਗਨਨਾਥ ਪ੍ਰਤੀ ਡੂੰਘੇ ਸਤਿਕਾਰ ਨੂੰ ਉਜਾਗਰ ਕਰਦਿਆਂ ਪ੍ਰਧਾਨ ਮੰਤਰੀ ਨੇ ਮਾਰੀਸ਼ਸ ਨਾਲ ਭਾਰਤ ਦੀ ਬਹੁਤ ਖ਼ਾਸ ਦੋਸਤੀ ਦੇ ਵਿਕਾਸ ਵਿੱਚ ਉਨ੍ਹਾਂ ਵੱਲੋਂ ਨਿਭਾਈ ਗਈ ਮੁੱਖ ਭੂਮਿਕਾ ਦੀ ਸ਼ਲਾਘਾ ਕੀਤੀ।

ਉਨ੍ਹਾਂ ਨੂੰ ਇੱਕ 'ਮਾਣਮੱਤਾ ਪ੍ਰਵਾਸੀ ਭਾਰਤੀ' ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੂੰ ਇਹ ਮਾਣ ਹਾਸਲ ਹੋਇਆ ਕਿ ਸਰ ਅਨਿਰੁੱਧ ਨੂੰ ਪ੍ਰਵਾਸੀ ਭਾਰਤੀ ਸਨਮਾਨ ਤੇ ਪਦਮ ਵਿਭੂਸ਼ਨ ਦੋਵੇਂ ਦਿੱਤੇ ਗਏ ਸਨ।

ਦੋਵੇਂ ਆਗੂਆਂ ਨੇ ਸਰ ਅਨਿਰੁੱਧ ਦੀ ਵਿਰਾਸਤ ਦੀ ਪਾਲਣਾ ਕਰਦਿਆਂ ਖ਼ਾਸ ਦੁਵੱਲਾ ਸਬੰਧ ਹੋਰ ਮਜ਼ਬੂਤ ਤੇ ਡੂੰਘਾ ਕਰਨ ਦੀ ਪ੍ਰਤੀਬੱਧਤਾ ਪ੍ਰਗਟ ਕੀਤੀ।

ਨਵੀਂ ਦਿੱਲੀ
4 ਜੂਨ, 2021

DISCLAIMER: This is an approximate translation. The original is available in English on MEA's website and may be referred to as the official press release.